# <u>ਪ੍ਰੈਸ ਨੋਟ</u>

ਸ੍ਰੀ ਨਵਨੀਤ ਸਿੰਘ ਬੈਂਸ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਵੱਲੋਂ ਚੋਰੀ/ਲੁੱਟ ਖੋਹ ਕਰਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਮੁਹਿੰਮ ਦੌਰਾਨ ਸ੍ਰੀ ਹਰਿੰਦਰਪਾਲ ਸਿੰਘ ਪਰਮਾਰ ਪੀ.ਪੀ.ਐਸ, ਕਪਤਾਨ ਪੁਲਿਸ (ਆਈ) ਲੁਧਿਆਣਾ (ਦਿਹਾਤੀ) ਅਤੇ ਸ੍ਰੀ ਰਛਪਾਲ ਸਿੰਘ ਪੀ.ਪੀ.ਐਸ. ਉਪ ਕਪਤਾਨ ਪੁਲਿਸ ਰਾਏਕੋਟ ਦੀ ਨਿਗਰਾਨੀ ਹੇਠ ਐਸ.ਆਈ ਹਰਦੀਪ ਸਿੰਘ ਮੁੱਖ ਅਫਸਰ ਥਾਣਾ ਸਦਰ ਰਾਏਕੋਟ ਅਤੇ ਸ:ਥ ਸੁਖਵਿੰਦਰ ਸਿੰਘ ਇੰਚਾਰਜ ਚੌਕੀ ਲੋਹਟਬੱਦੀ ਦੀ ਪੁਲਿਸ ਪਾਰਟੀ ਨੇ ਲੁੱਟ ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਗਿਰੋਹ ਦੇ 04 ਮੈਂਬਰਾਂ **ਸੁਖਦੀਪ ਸਿੰਘ ਉਰਫ ਸੀਪਾ ਪੁੱਤਰ ਨਛੱਤਰ ਸਿੰਘ ਵਾਸੀ ਬੱਲੋਵਾਲ ਥਾਣਾ ਜੋਧਾਂ, ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਲਵਿੰਦਰ ਸਿੰਘ ਵਾਸੀ ਸਫੀਪੁਰਾ ਬਸਤੀ ਪਿੰਡ ਅੱਬੂਪੁਰਾ ਥਾਣਾ ਸਿੱਧਵਾਂ ਬੇਟ ਜਿਲਾ ਲੁਧਿਆਣਾ, ਹਰਦਿਆਲ ਸਿੰਘ ਉਰਫ ਸੈਣਾ ਪੁੱਤਰ ਗੁਰਮੇਲ ਸਿੰਘ, ਜਗਤਾਰ ਸਿੰਘ ਉਰਫ ਸਿੰਮੀ ਪੁੱਤਰ ਦਲਜੀਤ ਸਿੰਘ ਵਾਸੀਆਨ ਛਾਪਾ ਥਾਣਾ ਠੁੱਲੀਵਾਲ** ਨੂੰ ਗ੍ਰਿਫਤਾਰ ਕਰਕੇ ਉਹਨਾਂ ਖਿਲਾਫ ਮੁਕੱਦਮਾ ਨੰਬਰ 79 ਮਿਤੀ 22.06.2023 ਅ/ਧ 379-ਬੀ,411 ਆਈ.ਪੀ.ਸੀ ਵਾਧਾ ਜੁਰਮ 25-54-59 ਅਸਲਾ ਐਕਟ ਥਾਣਾ ਸਦਰ ਰਾਏਕੋਟ ਵਿਖੇ ਦਰਜ ਰਜਿਸਟਰ ਕੀਤਾ ਗਿਆ। ਗ੍ਰਿਫਤਾਰ ਉਕਤਾਨ ਦੋਸ਼ੀਆਨ ਪਾਸੋਂ **ਇੱਕ ਕਮਾਨੀਦਾਰ ਚਾਕੂ,ਇੱਕ ਏਅਰ ਗੰਨ ਪਿਸਟਲ, ਇੱਕ ਖੋਹ ਕੀਤਾ ਮੋਬਾਇਲ ਫੋਨ ਸੈਮਸੰਗ, 04 ਮੋਟਰਸਾਈਕਲ ਬ੍ਰਾਮਦ ਕੀਤੇ ਗਏ**। ਉਕਤਾਨ ਦੋਸ਼ੀਆਨ ਨੇ ਮੁਕੱਦਮਾ ਦੀ ਤਫਤੀਸ਼ ਦੌਰਾਨ ਦੌਰਾਨੇ ਪੁੱਛਗਿੱਛ ਮੰਨਿਆ ਹੈ ਕਿ ਉਹਨਾਂ ਨੇ ਇੱਕ ਪਲਾਟੀਨਾ ਮੋਟਰਸਾਈਕਲ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਦੀ ਕੱਚੀ ਪਾਰਕਿੰਗ ਤੋਂ ਚੋਰੀ ਕੀਤਾ ਸੀ, ਇੱਕ ਮੋਟਰਸਾਈਕਲ ਸੀ.ਟੀ-100 ਪਿੰਡ ਬੁਰਜ ਲਿੱਟਾਂ ਤੋਂ ਖੋਹ ਕੀਤਾ ਸੀ (**ਜਿਸ ਸਬੰਧੀ ਮੁਕੱਦਮਾ ਨੰਬਰ 53 ਮਿਤੀ 10.06.2023 ਅ/ਧ 379-ਬੀ ਭ.ਦੰ ਥਾਣਾ ਸੁਧਾਰ ਦਰਜ ਰਜਿਸ਼ਟਰ ਕੀਤਾ ਗਿਆ ਸੀ**), ਇੱਕ ਪਲਾਟੀਨਾ ਮੋਟਰਸਾਈਕਲ ਮਲੇਰਕੋਟਲਾ ਸੀਗਾ ਫੈਕਟਰੀ ਤੋਂ ਚੋਰੀ ਕੀਤਾ।ਇਹਨਾਂ ਉਕਤਾਨ ਦੋਸ਼ੀਆਨ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਜਿਹਨਾਂ ਪਾਸੋਂ ਹੋਰ ਵਾਰਦਾਤਾਂ ਸਬੰਧੀ ਖੁਲਾਸੇ ਅਤੇ ਮੁਕੱਦਮਾ ਵਿੱਚ ਹੋਰ ਬ੍ਰਾਮਦਗੀ ਹੋਣ ਦੀ ਸੰਭਾਵਨਾ ਹੈ।

**ਬ੍ਰਾਮਦਗੀ:-**

01 ਮੋਟਰਸਾਈਕਲ ਮਾਰਕਾ ਬਜਾਜ ਪਲਾਟੀਨਾ ਨੰਬਰ PB-08-DJ-6872 ਰੰਗ ਕਾਲਾ,
01 ਮੋਟਰਸਾਈਕਲ ਸੀ.ਟੀ 100 ਰੰਗ ਹਰਾ ਮੂੰਗੀਆਂ ਬਿਨਾਂ ਨੰਬਰ ਪਲੇਟ,
02 ਮੋਟਰਸਾਈਕਲ ਮਾਰਕਾ ਪਲਾਟੀਨਾ ਬਿਨਾਂ ਨੰਬਰੀ,
ਇੱਕ ਕਮਾਨੀਦਾਰ ਚਾਕੂ, ਇੱਕ ਏਅਰ ਗੰਨ ਪਿਸਟਲ,
ਇੱਕ ਖੋਹ ਕੀਤਾ ਮੋਬਾਇਲ ਫੋਨ ਸੈਮਸੰਗ

**ਗ੍ਰਿਫਤਾਰ ਦੋਸ਼ੀਆਨ ਖਿਲਾਫ ਪਹਿਲਾਂ ਦਰਜ ਮੁਕੱਦਮੇ**

- **ਜਗਤਾਰ ਸਿੰਘ ਉਰਫ ਸਿੰਮੀ ਪੁੱਤਰ ਦਲਜੀਤ ਸਿੰਘ ਵਾਸੀਆਨ ਛਾਪਾ ਥਾਣਾ ਠੁੱਲੀਵਾਲ ਖਿਲਾਫ ਦਰਜ ਮੁਕੱਦਮੇ**

1. ਮੁਕੱਦਮਾ ਨੰਬਰ 51 ਮਿਤੀ 18.05.2021 ਅ.ਧ 457,380 ਥਾਣਾ ਸਦਰ ਰਾਏਕੋਟ
2. ਮੁਕੱਦਮਾ ਨੰਬਰ 36 ਮਿਤੀ 09.07.2021 ਅ.ਧ 457,380,511,473 ਭ.ਦੰ ਥਾਣਾ ਸੁਧਾਰ
3. ਮੁਕੱਦਮਾ ਨੰਬਰ 62 ਮਿਤੀ 13.07.2021 ਅ.ਧ 379,411 ਭ.ਦੰ ਥਾਣਾ ਸੰਦੌੜ
4. ਮੁਕੱਦਮਾ ਨੰਬਰ 77 ਮਿਤੀ 21.06.2023 ਅ/ਧ 341,379-ਬੀ,34 ਭ.ਦੰ ਥਾਣਾ ਸਦਰ ਰਾਏਕੋਟ

- **ਸੁਖਦੀਪ ਸਿੰਘ ਉਰਫ ਸੀਪਾ ਪੁੱਤਰ ਨਛੱਤਰ ਸਿੰਘ ਵਾਸੀ ਬੱਲੋਵਾਲ ਥਾਣਾ ਜੋਧਾਂ ਖਿਲਾਫ ਦਰਜ ਮੁੱਕਦਮੇ**

1. ਮੁਕੱਦਮਾ ਨੰਬਰ 51 ਮਿਤੀ 18.05.2021 ਅ.ਧ 457,380 ਥਾਣਾ ਸਦਰ ਰਾਏਕੋਟ
2. ਮੁਕੱਦਮਾ ਨੰਬਰ 49 ਮਿਤੀ 03.09.2021 ਅ.ਧ 379,411 ਭ.ਦੰ ਥਾਣਾ ਸੁਧਾਰ
3. ਮੁਕੱਦਮਾ ਨੰਬਰ 71 ਮਿਤੀ 30.08.2021 ਅ.ਧ 379-ਬੀ,201 ਭ.ਦੰ ਥਾਣਾ ਜੋਧਾਂ
4. ਮੁਕੱਦਮਾ ਨੰਬਰ 53 ਮਿਤੀ 03.07.2022 ਅ.ਧ 379-ਬੀ,411 ਭ.ਦੰ ਥਾਣਾ ਸਦਰ ਰਾਏਕੋਟ
5. ਮੁਕੱਦਮਾ ਨੰਬਰ 77 ਮਿਤੀ 21.06.2023 ਅ/ਧ 341,379-ਬੀ,34 ਭ.ਦੰ ਥਾਣਾ ਸਦਰ ਰਾਏਕੋਟ

- **ਹਰਦਿਆਲ ਸਿੰਘ ਉਰਫ ਸੈਣਾ ਪੁੱਤਰ ਗੁਰਮੇਲ ਸਿੰਘ ਵਾਸੀ ਛਾਪਾ ਥਾਣਾ ਠੁੱਲੀਵਾਲ ਖਿਲਾਫ ਦਰਜ ਮੁੱਕਦਮਾ**

ਮੁਕੱਦਮਾ ਨੰਬਰ 41 ਮਿਤੀ 17.09.15 ਅ.ਧ 399,402 ਭ.ਦੰ 25 ਅਸਲਾ ਐਕਟ ਥਾਣਾ ਸਿਟੀ ਅਹਿਮਦਗੜ੍ਹ, ਜਿਲਾ ਮਲੇਰਕੋਟਲਾ
ਮੁਕੱਦਮਾ ਨੰਬਰ 98 ਮਿਤੀ 01.08.2019 ਅ.ਧ 61 ਐਕਸਾਈਜ ਐਕਟ ਥਾਣਾ ਸ਼ੇਰਪੁਰ, ਜਿਲਾ ਸੰਗਰੂਰ

- **ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਸਫੀਪੁਰਾ ਬਸਤੀ ਪਿੰਡ ਅੱਬੂਪੁਰਾ ਥਾਣਾ ਸਿੱਧਵਾਂ ਬੇਟ ਜਿਲਾ ਲੁਧਿਆਣਾ ਖਿਲਾਫ ਦਰਜ ਮੁਕੱਦਮਾ**

ਮੁਕੱਦਮਾ ਨੰਬਰ 159 ਮਿਤੀ 04.10.2021 ਅ/ਧ 457,380,411 ਭ.ਦੰ ਥਾਣਾ ਸਿੱਧਵਾਂ ਬੇਟ

**ਜਗਤਾਰ ਸਿੰਘ ਉਰਫ ਸਿੰਮੀ ਅਤੇ ਸੁਖਦੀਪ ਸਿੰਘ ਵੱਲੋਂ** ਮੋਟਰਸਾਈਕਲ ਸੀ.ਟੀ-100 ਪਿੰਡ ਬੁਰਜ ਲਿੱਟਾਂ ਤੋਂ ਖੋਹ ਕੀਤਾ ਜਾਣਾ ਮੰਨਿਆ ਹੈ, **ਜਿਸ ਸਬੰਧੀ ਮੁਕੱਦਮਾ ਨੰਬਰ 53 ਮਿਤੀ 10.06.2023 ਅ/ਧ 379-ਬੀ ਭ.ਦੰ ਥਾਣਾ ਸੁਧਾਰ ਦਰਜ ਰਜਿਸ਼ਟਰ ਹੈ।**